## ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ

ਵਿਸ਼ਾ ਭੂਗੋਲ

ਸਮਾਂ 3 ਘੰਟੇ — ਕਲਾਸ XII

ਲਿਖਤੀ - 70
ਸੀ.ਸੀ.ਈ - 10
ਪ੍ਰਯੋਗੀ - 20
ਕੁਲ ਅੰਕ - 100.

### ਭਾਗ - I

ਨੋਟ: ਸਾਰੇ ਪ੍ਰਸ਼ਨ ਵਸਤੂਨਿਸ਼ਠ (objective type) ਹਨ ਤੇ ਹਰੇਕ 2 ਅੰਕ ਦਾ ਹੈ:- (42)

1. ਪੰਜਾਬ, ਵਸੋਂ ਘਣਤਾ ਪੱਖੋਂ 2011 ਦੀ ਜਨਗਣਨਾ ਅਨੁਸਾਰ, ਭਾਰਤ ਵਿੱਚ ਕਿੰਨਵਾਂ ਸਥਾਨ ਰੱਖਦਾ ਹੈ?
(i) ਪੰਜਵਾਂ (ii) ਸੱਤਵਾਂ (iii) ਪਹਿਲਾ (iv) ਕੋਈ ਵੀ ਨਹੀਂ

2. ਮਨੁੱਖੀ ਵਿਕਾਸ ਸੂਚਕਾਂਕ ਮੁਤਾਬਕ ਕਿਹੜਾ ਰਾਜ ਪਹਿਲੇ ਸਥਾਨ 'ਤੇ ਹੈ?
(i) ਤਾਮਿਲਨਾਡੂ (ii) ਕੇਰਲ (iii) ਅਸਾਮ (iv) ਕੋਈ ਵੀ ਨਹੀਂ

3. ਭਾਰਤ ਵਿੱਚ ਖੇਤੀ ਦੇ ਕਿੰਨੇ ਮੌਸਮ ਹਨ?
(i) ਚਾਰ (ii) ਤਿੰਨ (iii) ਪੰਜ (iv) ਦੋ

4. ਊਰਜਾ ਦਾ ਅਮੁੱਕ ਸੋਮਾ ਕਿਹੜਾ ਹੈ?
(i) ਕੁਦਰਤੀ ਗੈਸ (ii) ਖਣਿਜ ਤੇਲ (iii) ਸੂਰਜੀ ਊਰਜਾ (iv) ਕੋਲਾ

5. ਮੀਡੀਆ ਸੇਵਾਵਾਂ ਕਿਹੜੇ ਪੱਧਰ ਦੀਆਂ ਆਰਥਿਕ ਸੇਵਾਵਾਂ ਹਨ?
(i) ਪਹਿਲੇ (ii) ਦੂਜੇ (iii) ਤੀਜੇ (iv) ਚੌਥੇ

6. ਸੰਸਾਰ ਦੀ ਪਹਿਲੀ ਰੇਲਵੇ ਲਾਈਨ ਕਿਸ ਦੇਸ਼ ਵਿੱਚ ਵਿਛਾਈ ਗਈ ਸੀ?
(i) ਬ੍ਰਿਟੇਨ (ii) ਅਮਰੀਕਾ (iii) ਭਾਰਤ (iv) ਜਰਮਨੀ

7. ਸਹੀ ਮਿਲਾਨ ਕਰੋ:-

| | |
|---|---|
| (i) ਕੱਚਾਤਿਵੂ | (ੳ) ਦਰਿਆ |
| (ii) ਸਰ ਕਰੀਕ | (ਅ) ਗੁਲਾਬ ਦੇ ਫੁੱਲ |
| (iii) ਸਿੰਧ | (ੲ) ਟਾਪੂ |
| (iv) ਸਿਆਚਿਨ | (ਸ) ਖਾੜੀ |

8. ਸਹੀ ਮਿਲਾਨ ਕਰੋ:-

| | |
|---|---|
| (i) ਕੇਰਲ | (ੳ) ਟੋਡਾ (ਮੱਝਾਂ) |
| (ii) ਤਾਮਿਲਨਾਡੂ | (ਅ) ਮੋਨਪਾ (ਯਾਕ) |
| (iii) ਮਹਾਰਾਸ਼ਟਰ | (ੲ) ਧਨਗਰ (ਭੇਡਾਂ) |
| (iv) ਅਰੁਨਾਚਲ ਪ੍ਰਦੇਸ਼ | (ਸ) ਬੱਤਖ ਪਾਲਣ |

9. ਸਹੀ ਮਿਲਾਨ ਕਰੋ:-

| | |
|---|---|
| (i) ਜੈਵਿਕ ਖਣਿਜ | (ੳ) ਪੀਟ |
| (ii) ਲੋਹੇ ਦੀ ਕਿਸਮ | (ਅ) ਲੋਹਾ |
| (iii) ਕੋਲੇ ਦੀ ਕਿਸਮ | (ੲ) ਮੈਗਨੇਟਾਈਟ |
| (iv) ਰੀੜ੍ਹ ਦੀ ਹੱਡੀ ਖਣਿਜ | (ਸ) ਪੈਟਰੋਲੀਅਮ |

10. ਹੇਠ ਲਿਖਿਆਂ ਦਾ ਮਿਲਾਨ ਕਰੋ:-

| | |
|---|---|
| (i) ਆਰਥਿਕ ਕਿਰਿਆਵਾਂ | (ੳ) ਰਾਜਨੀਤਕ ਭੂਗੋਲ |
| (ii) ਜਨਸੰਖਿਆ ਦਾ ਭੂਗੋਲ | (ਅ) ਸਮਾਜਿਕ ਭੂਗੋਲ |
| (iii) ਮਨੋਵਿਗਿਆਨ | (ੲ) ਆਰਥਿਕ ਭੂਗੋਲ |
| (iv) ਚੋਣਾਂ ਦਾ ਭੂਗੋਲ | (ਸ) ਜਨਅੰਕੜ ਵਿਗਿਆਨ |

11. ਸਥਾਨ ਬਦਲੀ ਦੇ ਅਧਾਰ 'ਤੇ ਮਿਲਾਨ ਕਰੋ:-

| | |
|---|---|
| (i) ਬੇਰੁਜ਼ਗਾਰੀ | (ੳ) ਉਪਜਾਊ ਭੂਮੀ |
| (ii) ਫ਼ਸਲ ਨਾ ਹੋਣਾ | (ਅ) ਸੁਰੱਖਿਅਤ ਵਾਤਾਵਰਨ |
| (iii) ਅਸੁਰੱਖਿਅਤ ਵਾਤਾਵਰਨ | (ੲ) ਰੁਜ਼ਗਾਰ ਮੌਕੇ |
| (iv) ਉੱਚੀ ਜੁਰਮ-ਦਰ | (ਸ) ਜੁਰਮ ਰਹਿਤ ਸਮਾਜ |

12. ਹਰ ਸਾਲ 11 ਜੁਲਾਈ ਨੂੰ _____ ਮਨਾਇਆ ਜਾਂਦਾ ਹੈ।
13. ਕੋਲੇ ਦੀ ਬਿਹਤਰੀਨ ਕਿਸਮ _____ ਹੈ।
14. ਪੰਜਾਬ, ਭਾਰਤ ਦੇ ਕੁਲ ਧਾਗਾ ਉਤਪਾਦਨ ਦਾ _____ ਹਿੱਸਾ ਪੈਦਾ ਕਰਦਾ ਹੈ।
15. ਭਾਰਤੀ ਸੰਸਦ ਵਿੱਚ ਇਸਤਰੀਆਂ ਦੀ ਮੌਜੂਦਾ ਪ੍ਰਤੀਨਿਧਤਾ _____ ਫ਼ੀਸਦੀ ਹੈ।
16. ਬਹੁਤ ਵੱਡੀ ਗਿਣਤੀ ਵਿੱਚ ਜਨਤਾ ਨਾਲ ਸੰਚਾਰ ਕਰਨ ਨੂੰ _____ ਕਹਿੰਦੇ ਹਨ।
17. 'ਮੀਟਰ ਗੇਜ ਸਭ ਤੋਂ ਚੌੜੀ ਰੇਲ ਪੱਟੜੀ ਹੈ' ਕਥਨ ਸਹੀ ਹੈ ਜਾਂ ਗ਼ਲਤ?
18. 'ਭਾਰਤ ਵਿੱਚ ਲੋਹਾ ਤੇ ਇਸਪਾਤ ਸਨਅਤ 1874 ਵਿੱਚ ਆਰੰਭ ਹੋਈ' ਸਹੀ ਕਿ ਗ਼ਲਤ?
19. 'ਟੋਕੀਓ, ਜਾਪਾਨ ਦਾ ਵਿਸ਼ਾਲ ਸ਼ਹਿਰੀ ਖੇਤਰ ਹੈ' ਕਥਨ ਸਹੀ ਹੈ ਜਾਂ ਗ਼ਲਤ?
20. 'ਡਾਇਸਪੋਰਾ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਸ਼ਬਦ ਹੈ' ਸਹੀ ਜਾਂ ਗ਼ਲਤ?
21. 'ਮੈਰਿਨ ਡਰਾਈਵ, ਮੁੰਬਈ ਵਿੱਚ ਪੈਂਦੇ ਸਮੁੰਦਰੀ ਤੱਟ ਦਾ ਨਾਮ ਹੈ' ਸਹੀ ਜਾਂ ਗ਼ਲਤ?

## ਭਾਗ-II (12)

ਨੋਟ: ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੋ ਵਾਕਾਂ ਤੱਕ ਦਿਓ, ਹਰੇਕ ਤਿੰਨ ਅੰਕ ਦਾ ਹੈ:-

22. ਜਨਸੰਖਿਆ ਤਬਦੀਲੀ ਦੇ ਤਿੰਨ ਮੁੱਖ ਨਿਰਧਾਰਕ ਕਿਹੜੇ ਹਨ?
23. ਸਮਾਜਿਕ ਭੂਗੋਲ ਦੇ ਕੋਈ ਤਿੰਨ ਉਪ-ਖੇਤਰ ਦੱਸੋ।
24. ਸ਼ਹਿਰੀ ਤੇ ਪੇਂਡੂ ਬਸਤੀਆਂ ਦੇ ਕੋਈ ਤਿੰਨ ਭੇਦ ਦੱਸੋ।
25. ਭਾਰਤ ਵਿੱਚ ਕੌਫ਼ੀ ਉਤਪਾਦਨ ਦੇ ਕੋਈ ਤਿੰਨ ਕੇਂਦਰਾਂ ਦੇ ਨਾਮ ਲਿਖੋ।

## ਭਾਗ-III (16)

ਨੋਟ: ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਚਾਰ ਵਾਕਾਂ ਤੱਕ ਦਿਓ, ਹਰੇਕ ਚਾਰ ਅੰਕ ਦਾ ਹੈ:-

26. ਉਦਯੋਗਾਂ ਦੀ ਸਥਾਪਨਾ ਲਈ ਜ਼ਿੰਮੇਵਾਰ ਭੂਗੋਲਿਕ ਤੇ ਗ਼ੈਰ-ਭੂਗੋਲਿਕ ਕਾਰਕਾਂ ਦੀ ਸੂਚੀ ਬਣਾਓ।
27. ਪੰਜਾਬ ਦੀ ਭੂਗੋਲਿਕ ਸਿਰਮੌਰਤਾ ਦੇ ਕੋਈ ਚਾਰ ਪੱਖ ਲਿਖੋ।
28. ਮਾਨਵ ਦੀਆਂ ਆਰਥਿਕ ਕਿਰਿਆਵਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ? ਨਾਮ ਲਿਖੋ।
29. ਮਾਨਵ ਭੂਗੋਲ ਦੇ ਕੋਈ ਚਾਰ ਉਪ-ਖੇਤਰਾਂ ਦੇ ਨਾਮ ਲਿਖੋ।

——o——